*Waheguru Ji Ka Khalsa,*
*Waheguru Ji Ki Fateh*

*Today's Hukamnama* *Monday 24-08-2026*

ਟੋਡੀ ਮਹਲਾ ੫ ਘਰੁ ੫ ਦੁਪਦੇ

Todee, Fifth Mehl, Fifth House, Du-Padas:

ੴ ਸਤਿਗੁਰ ਪ੍ਰਸਾਦਿ ॥

One Universal Creator God. By The Grace Of The True Guru:

ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਰਹਿਮਤ ਦਾ ਸਦਕਾ ਉਹ ਪ੍ਰਾਪਤ ਹੁੰਦਾ ਹੈ।

ਐਸੋ ਗੁਨੁ ਮੇਰੋ ਪ੍ਰਭ ਜੀ ਕੀਨ ॥

Such is the blessing my God has bestowed upon me.

ਮੇਰੇ ਮਹਾਰਾਜ ਸੁਆਮੀ ਨੇ ਮੇਰੇ ਉਤੇ ਐਹੋ ਜਿਹਾ ਉਪਕਾਰ ਕੀਤਾ ਹੈ।

ਪੰਚ ਦੋਖ ਅਰੁ ਅਹੰ ਰੋਗ ਇਹ ਤਨ ਤੇ ਸਗਲ ਦੂਰਿ ਕੀਨ ॥ ਰਹਾਉ ॥

He has totally banished the five evils and the illness of egotism from my body. ||Pause||

ਪੰਜੇ ਬੁਰਿਆਈਆਂ ਅਤੇ ਹੰਕਾਰ ਦੀ ਬੀਮਾਰੀ, ਇਹ ਉਸ ਨੇ ਸਮੂਹ ਹੀ ਮੇਰੀ ਦੇਹ ਤੋਂ ਪਰੇ ਕਰ ਦਿੱਤੇ ਹਨ। ਠਹਿਰਾਉ।

ਬੰਧਨ ਤੋਰਿ ਛੋਰਿ ਬਿਖਿਆ ਤੇ ਗੁਰ ਕੋ ਸਬਦੁ ਮੇਰੈ ਹੀਅਰੈ ਦੀਨ ॥

Breaking my bonds, and releasing me from vice and corruption, He has enshrined the Word of the Guru's Shabad within my heart.

ਮੇਰੀਆਂ ਬੇੜੀਆਂ ਕੱਟ ਕੇ ਅਤੇ ਮੈਨੂੰ ਮਾਇਆ ਤੋਂ ਛੁਡਾ ਕੇ, ਉਸ ਨੇ ਗੁਰਾਂ ਦੀ ਬਾਣੀ ਮੇਰੇ ਅੰਤਰ-ਆਤਮੇ ਅਸਥਾਪਨ ਕੀਤੀ ਹੈ।

ਰੂਪੁ ਅਨਰੂਪੁ ਮੋਰੋ ਕਛੁ ਨ ਬੀਚਾਰਿਓ ਪ੍ਰੇਮ ਗਹਿਓ ਮੋਹਿ ਹਰਿ ਰੰਗ ਭੀਨ ॥੧॥

The Lord has not considered my beauty or ugliness; instead, He has held me with love. I am drenched with His Love. ||1||

ਸੁਆਮੀ ਨੇ ਮੇਰੇ ਸੁਹੱਪਣ ਜਾਂ ਕੁਸੋਹਜ ਵੱਲ ਧਿਆਨ ਨਾਂ ਦਿੱਤਾ ਤੇ ਮੈਨੂੰ ਪਿਆਰ ਨਾਲ ਪਕੜ ਲਿਆ ਹੈ। ਅਤੇ ਇਸ ਤਰ੍ਹਾਂ ਮੈਂ ਉਸ ਦੀ ਪ੍ਰੀਤ ਵਿੱਚ ਭਿੱਜ ਗਿਆ ਹਾਂ।

ਪੇਖਿਓ ਲਾਲਨੁ ਪਾਟ ਬੀਚ ਖੋਏ ਅਨਦ ਚਿਤਾ ਹਰਖੇ ਪਤੀਨ ॥

I behold my Beloved, now that the curtain has been torn away. My mind is happy, pleased and satisfied.

ਵਿਚਕਾਰਲਾ ਪੜਦਾ ਪਾਟ ਗਿਆ ਹੈ ਅਤੇ ਮੈਂ ਆਪਣਾ ਪ੍ਰੀਤਮ ਨੂੰ ਵੇਖ ਲਿਆ ਹੈ। ਮੇਰਾ ਖੁਸ਼–ਤਬਾ ਮਨ ਹੁਣ ਰੱਜ਼ ਕੇ ਪ੍ਰਸੰਨ ਹੋ ਗਿਆ ਹੈ।

ਤਿਸ ਹੀ ਕੋ ਗ੍ਰਿਹੁ ਸੋਈ ਪ੍ਰਭੁ ਨਾਨਕ ਸੋ ਠਾਕੁਰੁ ਤਿਸ ਹੀ ਕੋ ਧੀਨ ॥੨॥੧॥੨੦॥

My house is His; He is my God. Nanak is obedient to His Lord and Master. ||2||1||20||

ਉਸ ਦਾ ਘਰ ਹੈ, ਓਹੀ ਮਾਲਕ ਹੈ, ਅਤੇ ਓਹੀ ਸੁਆਮੀ! ਨਾਨਕ ਕੇਵਲ ਉਸ ਦਾ ਤਾਬੇਦਾਰ ਹੈ।

ਅੰਗ ੭੧੬